IJCRT.ORG ISSN : 2320-2882

INTERNATIONAL JOURNAL OF CREATIVE RESEARCH THOUGHTS (IJCRT)

An International Open Access, Peer-reviewed, Refereed Journal

# ਡਾ. ਹਰਿਭਜਨ ਸਿੰਘ ਦਾ ਕਾਵਿ ਨਾਟਕ-'ਤਾਰ-ਤੁਪਕਾ'

ਡਾ.ਕੁਲਵੰਤ ਸਿੰਘ ਰਾਣਾ ,ਐਸੋਸੀਏਟ ਪ੍ਰੋਫੈਸਰ,

ਪੋਸਟ-ਗਰੈਜੂਏਟ ,ਪੰਜਾਬੀ ਵਿਭਾਗ,ਡੀ ਏ ਵੀ ਕਾਲਜ

ਹੁਸ਼ਿਆਰਪੁਰ।

ਡਾ .ਹਰਿਭਜਨ ਸਿੰਘ ਪੰਜਾਬੀ ਸਾਹਿਤ ਦੇ ਪ੍ਰਸਿੱਧ ਆਲੋਚਕ ,ਕਵੀ ਅਤੇ ਚਿੰਤਕ ਹੋਏ ਹਨ।ਉਨ੍ਹਾਂ ਨੇ ਪੰਜਾਬੀ ਸਾਹਿਤ ਦੀ ਝੋਲੀ ਵਿਚ ਅਨੇਕਾਂ ਪੁਸਤਕਾਂ ਪਾਈਆਂ।ਡਾ. ਹਰਿਭਜਨ ਸਿੰਘ ਨੇ ਪੰਜਾਬੀ ਸਾਹਿਤ ਚਿੰਤਨ ਦੇ ਖੇਤਰ ਵਿਚ ਆਪਣੀ ਪਹਿਲੀ ਪੁਸਤਕ 'ਅਧਿਅਨ ਅਤੇ ਅਧਿਆਪਨ' ਨਾਲ 1970 ਵਿਚ ਪ੍ਰਵੇਸ਼ ਕੀਤਾ।

ਡਾ. ਹਰਿਭਜਨ ਸਿੰਘ ਦਾ ਜਨਮ 18 ਅਗਸਤ,1920 ਨੂੰ ਮਾਤਾ ਗੰਗਾ ਦੇਵੀ ਅਤੇ ਪਿਤਾ ਗੰਡਾ ਸਿੰਘ ਦੇ ਘਰ ਲੁਮਡਿੰਗ ,ਅਸਾਮ ਪ੍ਰਾਂਤ ਵਿਚ ਹੋਇਆ। ਉਨ੍ਹਾਂ ਨੇ ਅੰਗਰੇਜ਼ੀ ਅਤੇ ਹਿੰਦੀ ਵਿਸ਼ੇ ਵਿਚ ਐਮ.ਏ. ਕਰਨ ਉਪਰੰਤ 'ਹਿੰਦੀ ਕਵਿਤਾ ਨੂੰ ਗੁਰਮੁਖੀ ਰਾਹੀਂ ਸਮਝਣ'ਦੇ ਵਿਸ਼ੇ ਉਪਰ ਪੀ.ਐਚ.ਡੀ.ਦੀ ਡਿਗਰੀ ਹਾਸਿਲ ਕੀਤੀ।ਇਸ ਪਿਛੋਂ ਉਨ੍ਹਾਂ ਦਾ ਰੁਝਾਨ ਪੰਜਾਬੀ ਸਾਹਿਤ ਨੂੰ ਸਮਝਣ ਅਤੇ ਇਸ ਦੀ ਪਰਖ ਪੜਚੋਲ ਕਰਨ ਵੱਲ ਲੱਗ ਗਿਆ। ਉਨ੍ਹਾਂ ਦਾ ਨਾਂ ਪੰਜਾਬੀ ਦੇ ਨਾਮਵਰ ਆਲੋਚਕਾਂ ਵਿਚ ਗਿਣਿਆਂ ਜਾਂਦਾ ਹੈ।21 ਅਕਤੂਬਰ,2002 ਨੂੰ ਡਾ.ਹਰਿਭਜਨ ਸਿੰਘ ਨੇ ਇਸ ਫਾਨੀ ਦੁਨੀਆਂ ਨੂੰ ਸਦਾ ਲਈ ਅਲਵਿਦਾ ਆਖ ਦਿੱਤਾ।

ਡਾ. ਹਰਿਭਜਨ ਸਿੰਘ ਦੀਆਂ ਸਾਹਿਤ ਅਤੇ ਆਲੋਚਨਾ ਦੇ ਖੇਤਰ ਵਿਚ ਵੱਖ ਵੱਖ ਪ੍ਰਾਪਤੀਆਂ ਨੂੰ ਦੇਖਦੇ ਹੋਏ ਅਨੇਕਾਂ ਸਨਮਾਨ ਮਿਲੇ।1970 ਵਿਚ ਉਨ੍ਹਾਂ ਨੂੰ 'ਨਾ ਧੁੱਪੇ,ਨਾ ਛਾਵੇਂ' ਪੁਸਤਕ ਲਈ ਭਾਰਤੀ ਸਾਹਿਤ ਅਕਾਦਮੀ ਵਲੋਂ ਸਨਮਾਨਿਤ ਕੀਤਾ ਗਿਆ।1987 ਵਿਚ ਉਨ੍ਹਾਂ ਨੂੰ ਮੱਧ ਪ੍ਰਦੇਸ਼ ਸਰਕਾਰ ਵਲੋਂ ਕਬੀਰ ਸਨਮਾਨ ਨਾਲ ਨਿਵਾਜ਼ਿਆ ਗਿਆ।'ਰੁੱਖ ਅਤੇ ਰਿਸ਼ੀ'ਪੁਸਤਕ ਲਈ ਡਾ, ਹਰਿਭਜਨ ਸਿੰਘ ਨੂੰ 1994 ਵਿਚ ਦੇਸ਼ ਦਾ ਸਰਵਉੱਚ ਪੁਰਸਕਾਰ 'ਸਰਸਵਤੀ ਸਨਮਾਨ' ਮਿਲਿਆ।1994 ਵਿਚ ਹੀ ਉਨ੍ਹਾਂ ਨੂੰ ਸਾਹਿਤ ਅਕਾਦਮੀ ਵਲੋਂ ਫੈਲੋਸ਼ਿਪ ਪ੍ਰਦਾਨ ਕੀਤੀ ਗਈ।ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵਲੋਂ 2002 ਵਿਚ ਡਾ. ਹਰਿਭਜਨ ਸਿੰਘ ਨੂੰ ਧਾਲੀਵਾਲ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ।

ਡਾ. ਹਰਿਭਜਨ ਸਿੰਘ ਦੀ ਕਾਵਿ ਸਖਸ਼ੀਅਤ ਬਹੁਭਾਂਤੀ,ਬਹੁਦਿਸ਼ਾਵੀਂ ਅਤੇ ਬਹੁਰੰਗੀ ਹੈ।ਅਸਲ ਵਿਚ ਸਿਆਣਾ ਕਵੀ ਉਹ ਹੁੰਦਾ ਹੈ ਜੋ ਆਪਣੇ ਤਜ਼ਰਵੇ ਦੇ ਨਾਲ ਨਾਲ ਪਿਛੋਕੜ ਅਤੇ ਪਰੰਪਰਾ ਨੂੰ ਵੀ ਨਾਲ ਲੈ ਕੇ ਚਲਦਾ ਹੈ।ਇਸ ਲਈ ਕਵੀ ਦਾ ਕਮਾਇਆ ਹੋਇਆ ਜੀਵਨ ਉਸਦਾ ਆਪਣਾ ਨਹੀਂ ਹੁੰਦਾ,ਸਗੋਂ ਇਸਨੂੰ ਉਸਨੇ ਪੁਰਖਿਆਂ ਤੋਂ ਪ੍ਰਾਪਤ ਕੀਤਾ ਹੁੰਦਾ ਹੈ।ਡਾ. ਹਰਿਭਜਨ ਸਿੰਘ ਨੇ ਖੁਦ ਲਿਖਿਆ ਹੈ:

ਕਵੀ ਦਾ ਅਚੇਤ ਮਨ ਸਾਰੇ ਦਾ ਸਾਰਾ ਉਸਦਾ ਆਪਣਾ ਕਮਾਇਆ ਨਹੀਂ ਹੁੰਦਾ ।ਉਸਨੂੰ ਪਰੰਪਰਾ ਪਾਸੋਂ ਬਹੁਤ ਕੁੱਝ ਅਣ ਕਮਾਇਆ ਅਣਜਾਣਿਆ ਮਿਲਦਾ ਹੈ।1

ਡਾ.ਹਰਿਭਜਨ ਸਿੰਘ ਨੇ 1957 ਵਿਚ ਕਾਵਿ -ਨਾਟਕ 'ਤਾਰ-ਤੁਪਕਾ' ਦੀ ਸਿਰਜਨਾ ਕੀਤੀ।ਇਸ ਕਾਵਿ ਨਾਟਕ ਦੀ ਸਿਰਜਣਾ ਦੋ ਐਕਟਾਂ ਵਿਚ ਕੀਤੀ ਹੈ।ਪਹਿਲੇ ਐਕਟ ਵਿਚ ਪਹਿਰਦਾਰਾਂ ਅਤੇ ਨਰਵੈਰਾਂ ਦੇ ਦ੍ਰਿਸ਼ਟੀਕੋਣ ਨੂੰ ਪੇਸ਼ ਕੀਤਾ ਗਿਆ ਹੈ ।ਇਸ ਤੋਂ ਇਲਾਵਾ ਦੂਜੇ ਐਕਟ

ਵਿਚ ਮਾਸੂਮ ਪਾਤਰਾਂ ਦੇ ਆਪਣੀ ਸੁਤੰਤਰਤਾ ਪ੍ਰਾਪਤੀ ਲਈ ਕੀਤੇ ਗਏ ਪ੍ਰਯਤਨਾਂ ਉਪਰੰਤ ਮਿਲੀ ਸਫਲਤਾ ਨੂੰ ਸ਼ਾਨਦਾਰ ਢੰਗ ਨਾਲ ਪੇਸ਼ ਕੀਤਾ ਹੋਇਆ ਦਰਸਾਇਆ ਗਿਆ ਹੈ

ਡਾ.ਹਰਿਭਜਨ ਸਿੰਘ ਨੇ ਆਪਣੇ ਇਸ ਕਾਵਿ ਨਾਟਕ ਵਿਚ ਆਧੁਨਿਕ ਦੌਰ ਵਿਚ ਵਿਗਿਆਨ ਵਲੋਂ ਕੀਤੀ ਜਾ ਰਹੀ ਤਰੱਕੀ ਬਾਰੇ ਵਰਣਨ ਕੀਤਾ ਹੈ।ਉਨ੍ਹਾਂ ਨੇ ਦੱਸਿਆ ਕਿ ਚਾਰੇ ਪਾਸੇ ਵਿਗਿਆਨਕ ਖੋਜਾਂ ਦੀ ਚਰਚਾ ਹੋ ਰਹੀ ਹੈ ਅਤੇ ਮਨੁੱਖ ਇਸ ਨੂੰ ਆਪਣੀ ਤਰੱਕੀ ਮੰਨ ਰਿਹਾ ਹੈ । ਅਸਲ ਵਿਚ ਇਹ ਤਰੱਕੀ ਉਸਦੇ ਵਿਨਾਸ਼ ਦਾ ਕਾਰਨ ਬਣੇਗੀ ਕਿਉਂਕਿ ਪਰਮਾਣੂ ਹਥਿਆਰਾਂ ਦੀ ਖੋਜ ਨਾਲ ਕਦੇ ਵੀ ਮਨੁੱਖਤਾ ਦੀ ਭਲਾਈ ਨਹੀ ਹੋ ਸਕਦੀ ।ਇਸ ਲਈ ਡਾ. ਹਰਿਭਜਨ ਸਿੰਘ ਨੇ ਵਿਗਿਆਨਕ ਯੁੱਗ ਵਿਚ ਮਨੁੱਖਤਾ ਦੇ ਹੋ ਰਹੇ ਨਾਸ਼ ਬਾਰੇ ਚਿੰਤਾ ਪ੍ਰਗਟ ਕੀਤੀ ਹੈ।ਅਜਿਹੇ ਵਿਗਿਆਨਕ ਦੌਰ ਵਿਚ ਮਾਨਵੀਂ ਰਿਸਤਿਆਂ ਅੰਦਰ ਟੁੱਟ-ਭੱਜ ਹੁੰਦੀ ਨਜ਼ਰ ਆ ਰਹੀ ਹੈ।ਉਨ੍ਹਾਂ ਅੰਦਰ ਪਿਆਰ ਦੇ ਬਜਾਏ ਨਫਰਤ ਵੱਧ ਰਹੀ ਹੈ:

ਜਿਉਂ ਕੌੜੀ ਨਿੰਮ ਦੀ ਚੁਲੀ ਕੋਈ ਭਰ ਬੈਠੇ

ਕਰਮਾਂ,ਧਰਮਾਂ,ਸ਼ਰਮਾਂ ਦੀ ਸਭ ਮਰਿਯਾਦਾ

ਇਉਂ ਟੁੱਟੀ ਜੀਕਣ ਭੁਰ ਭੁਰ ਟੁੱਟਣ ਤਾਰੇ

ਅੱਖੀਆਂ 'ਚੋਂ ਲੱਜਿਆ,ਗਮ,ਮਮਤਾ ਦੇ ਹੰਝੂ

ਡਿੱਗੇ,ਤਰਿਹਾਈ ਧਰਤੀ ਡੀਕ ਗਈ ਏ

ਫਲ ਬੂਟੇ ਲੂਸਣ ਭੁਰ ਭੁਰ ਭੋਂ ਤੇ ਡਿਗਣ

ਨਫਰਤ ਦੀਆਂ ਲੀਕਾਂ ਵਿਚ ਵੰਡੀ ਕੁਲ ਧਰਤੀ। 2

'ਤਾਰ -ਤੁਪਕਾ 'ਪੁਸਤਕ ਦਾ ਸਿਰਲੇਖ ਪ੍ਰਤੀਕਤਾਮਕ ਹੈ। ਇਸ ਵਿਚ ਮਨੁੱਖ ਜਿੰਦਗੀ ਨੂੰ ਤਾਰ ਉਪਰ ਪਏ ਹੋਏ ਤ੍ਰੇਲ ਦੇ ਤੁਪਕੇ ਵਾਂਗ ਦਰਸਾਇਆ ਹੈ। ਵਿਗਿਆਨੀ ਕਦੇ ਵੀ ਆਪਣੇ ਪਰਮਾਣੂ ਹਥਿਆਰਾਂ ਦਾ ਪ੍ਰਯੋਗ ਕਰਕੇ ਮਨੁੱਖਤਾ ਦਾ ਨਾਸ਼ ਕਰ ਸਕਦਾ ਹੈ।ਪਰਮਾਣੂ ਸ਼ਕਤੀ ਨਾਲ ਸਮੁੱਚੀ ਮਾਨਵ ਜਾਤੀ ਦਾ ਪਲਾਂ ਵਿਚ ਹੀ ਨਾਸ਼ ਹੋ ਸਕਦਾ ਹੈ।ਸ਼ਾਇਦ ਇਹੀ ਕਾਰਨ ਹੈ ਕਿ ਸਾਧਾਰਨ ਮਨੁੱਖ ਪਰਮਾਣੂ ਹਥਿਆਰ ਬਣਾਉਣ ਵਾਲੇ ਲੋਕਾਂ ਨਾਲ ਨਫਰਤ ਕਰਨ ਲਗ ਪਿਆ ਹੈ।ਭਾਵੇਂ ਕਵੀ ਨੇ ਇਸ ਕਾਵ-ਨਾਟਕ ਵਿਚ ਪਰਮਾਣੂ ਸ਼ਕਤੀਆਂ ਬਣਾਉਣ ਵਾਲੇ ਵਿਗਿਆਨੀਆਂ ਦਾ ਸਿੱਧਾ ਵਿਰੋਧ ਨਹੀਂ ਕੀਤਾ ਹੈ ਪਰ ਇਸ ਦੇ ਨਾਲ ਉਨ੍ਹਾਂ ਤੋਂ ਮਨੁੱਖ ਨੂੰ ਸੁਚੇਤ ਰਹਿਣ ਲਈ ਵੀ ਕਿਹਾ ਗਿਆ ਹੈ।ਅੰਦਰੋਂ ਖੋਖਲੇ ਹੋ ਚੁੱਕੇ ਅਣਮਨੁੱਖੀ ਕਿਰਦਾਰਾਂ ਦੀ ਪੇਸ਼ਕਾਰੀ ਵੀ ਇਸ ਕਾਵਿ-ਨਾਟਕ ਵਿਚ ਮਿਲਦੀ ਹੈ।ਸਮੁਚੀ ਪ੍ਰਕਿਰਤੀ ਨੂੰ ਪਰਮਾਣੂ ਸ਼ਕਤੀ ਨੇ ਆਪਣੇ ਕਬਜ਼ੇ ਵਿਚ ਕਰਨ ਦੀ ਕੋਸ਼ਿਸ਼ ਕੀਤੀ ਹੈ:

ਇਹ ਚੰਨ,ਧਰਤੀਆਂ ਸਿਤਾਰਿਆਂ ਦੇ ਟਿਮਕਣੇ

ਮਿਟਣਗੇ ਪਲਕ ਝਲਕ ਵਿਚ

ਜਿਉਂ ਸਰਕੜੇ ਦੀ ਨੋਕ ਤੇ ਮਲੂਕ ਤ੍ਰੇਲ -ਤੁਬਕੜੇ।3

ਡਾ. ਹਰਿਭਜਨ ਸਿੰਘ ਨੇ ਆਪਣੀ ਇਸ ਰਚਨਾ ਵਿਚ ਅੰਦਰੋਂ ਖੋਖਲੇ ਹੋ ਚੁੱਕੇ ਮਨੁੱਖੀ ਕਿਰਦਾਰਾਂ ਦੀ ਪੇਸ਼ਕਾਰੀ ਕੀਤੀ ਹੈ।ਵਿਗਿਆਨੀਆਂ ਨੇ ਆਪਣੀਆਂ ਨਵੀਆਂ ਨਵੀਆਂ ਕਾਢਾਂ ਲਈ ਕਈ ਵਾਰ ਆਮ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ ਹੈ।ਇਸ ਕਾਵਿ ਨਾਟਕ ਵਿਚ ਇਕ ਮਾਸੂਮ ਬੱਚੇ ਨੂੰ ਪ੍ਰਤੀਕ ਵਜੋਂ ਪੇਸ਼ ਕੀਤਾ ਹੈ ਕਿ ਕਿਸ ਤਰ੍ਹਾਂ ਉਹ ਲੋਕਾਂ ਦੀਆਂ ਭਟਕਣਾਂ ਦੀ ਪੇਸ਼ਕਾਰੀ ਕਰਦਾ ਹੈ।ਉਹ ਆਪਣੇ ਪਿਤਾ ਦੀ ਤਲਾਸ਼ ਲਈ ਥਾਂ-ਥਾਂ ਭਟਕਦਾ ਹੈ ਅਤੇ ਕਦੇ ਕੰਚਨੀ ਉਤੇ ਉਸਨੂੰ ਅਗਵਾ ਕਰਨ ਦਾ ਦੋਸ਼ ਲਾਉਂਦਾ ਹੈ।ਡਾ. ਹਰਿਭਜਨ ਸਿੰਘ ਵਲੋਂ ਬੱਚੇ ਦੀ ਮਾਸੂਮੀਅਤ ਇਸ ਪੇਸ਼ ਕੀਤੀ ਗਈ ਹੈ ਕਿ ਇਸ ਨੂੰ ਪੜ੍ਹਨ ਵਾਲੇ ਪਾਠਕ ਦੀ ਰੂਹ ਕੰਬ ਜਾਂਦੀ ਹੈ। ਬੱਚੇ ਆਪਣੇ ਪਿਤਾ ਦੀ ਤਲਾਸ਼ ਵਿਚ ਭਟਕਦਾ ਹੋਇਆ ਕੰਚਨੀ ਨੂੰ ਸੰਬੋਧਨ ਕਰਦਾ ਹੈ:

ਮੇਰਾ ਪਿਤਾ ਹੈ ਏਸ ਘਰ

ਹੇ ਕੰਚਨੀ ਹੇ ਕੰਚਨੀ,ਮੇਰੇ ਪਿਤਾ ਨੂੰ ਮੋੜ ਦੇ

ਮੈਂ ਆਖਿਆ,ਮੈਂ ਕਲਪਨਾ

ਆਕਾਸ਼ ਤੋਂ ਡਿੱਗੀ ਜ਼ਮੀਂ

ਗ਼ਮਨਿ ਤੋਂ ਆਕਾਸ਼ ਪੇਰ ਜਾਣ ਦੀ ਹੈ ਮਨ ‘ਚ ਚਾਹ,

ਤੂੰ ਕਲਪਨਾ ਜਾਂ ਕੰਚਨੀ

ਮੇਰੇ ਪਿਤਾ ਨੂੰ ਮੋੜ ਦੇ

ਮੈਂ ਉਸ ਬਿਨਾਂ ਉਦਾਸ ਹਾਂ

ਮਾਂ ਉਸ ਬਿਨਾਂ ਉਦਾਸ ਹੈ।4

ਡਾ. ਹਰਿਭਜਨ ਸਿੰਘ ਤੋਂ ਪੂਰਵਲੇ ਕਵੀਆਂ ਨੇ ਕਿਰਤੀ ਕਿਸਾਨਾਂ ਦੀ ਪੇਸਕਾਰੀ ਜਾਂ ਤਾਂ ਰੁਮਾਂਟਿਕ ਰੂਪ ਵਿਚ ਕੀਤੀ ਹੈ ਜਾਂ ਉਨ੍ਹਾਂ ਦੇ ਹੁੰਦੇ ਸ਼ੋਸ਼ਨ ਨੂੰ ਪ੍ਰਗਤੀਵਾਦੀ ਵਿਚਾਰਧਾਰਾ ਦਾ ਆਧਾਰ ਬਣਾਇਆ ਹੈ।ਉਨ੍ਹਾਂ ਦੀ ਮਾਨਸਿਕ ਪੀੜ੍ਹਾਂ ਦੀ ਪੇਸ਼ਕਾਰੀ ਬਹਤ ਹੀ ਘੱਟ ਕੀਤੀ ਹੋਈ ਮਿਲਦੀ ਹੈ।ਡਾ. ਹਰਿਭਜਨ ਸਿੰਘ ਨੇ ਕਿਰਤੀ ਦੀ ਬੌਧਿਕ -ਚੇਤਨਾ,ਨਵ ਵਿਗਿਆਨੀ ਦੀ ਸੰਵੇਦਨਾ,ਆਧੁਨਿਕ ਪ੍ਰੇਮੀ ਦੀ ਮਾਨਸਿਕਤਾ,ਮੱਧ ਵਰਗੀ ਦਾਰਸ਼ਨਿਕ ਦਾ ਚਿਤਰ ਪਹਿਲੀ ਵਾਰ ਰੂਪਮਾਨ ਕੀਤਾ ਹੈ।5

ਤਾਰ-ਤੁਪਕਾ ਕਾਵਿ ਨਾਟਕ ਵਿਚਲਾ ਵਿਗਿਆਨੀ ਆਪਣੀ ਸ਼ਕਤੀ ਸਦਕਾ ਨਵੀਂ ਸ੍ਰਿਸ਼ਟੀ ਦੀ ਸਿਰਜਣਾ ਕਰਨਾ ਚਾਹੁੰਦਾ ਹੈ ਪਰ ਉਹ ਖੁਦ ਹੀ ਇਸ ਤੋਂ ਡਰਦਾ ਵੀ ਹੈ।ਕਿਉਂਕਿ ਉਸ ਦੁਆਰਾ ਇਹ ਸਿਰਜੀ ਹੋਈ ਸ਼ਕਤੀ ਸਮੁਚੀ ਮਾਨਵਤਾ ਦੇ ਨਾਸ਼ ਦਾ ਕਾਰਨ ਬਣਦੀ ਜਾ ਰਹੀ ਹੈ:

ਹੇ ਵਿਕ ਚੁਕੇ ਮਨੁੱਖ,ਹੇ ਆਗਿਆਕਾਰੀ,

ਜਾ ਕਹਿ ਦੇ ਮੇਰੇ ਰਚਨਾਹਾਰ ਨੂੰ ਜਾ ਕੇ

ਇਹ ਖੇਲ ਹੁਕਮ ਦਾ ਤਿੜਕ ਜਾਊ ਕੁਝ ਚਿਰ ਵਿਚ

ਮੈਂ ਰੇਤ ਵਾਂਗ ਪੀਹ ਸੁਟੂ ਕੁਲ ਸ੍ਰਿਸ਼ਟੀ ਨੂੰ।6

ਭਾਵੇਂ ਡਾ. ਹਰਿਭਜਨ ਸਿੰਘ ਨੇ ਵਿਗਿਆਨ ਨੂੰ ਵਧੇਰੇ ਕਰਕੇ ਮਨੁੱਖੀ ਸਭਿਅਤਾ ਦੇ ਵਿਨਾਸ਼ ਦਾ ਕਾਰਨ ਮੰਨਿਆ ਹੈ ਪਰ ਕਿਤੇ ਕਿਤੇ ਉਸਨੇ ਇਸ ਪ੍ਰਤੀ ਆਪਣਾ ਹਾਂ-ਪੱਖੀ ਦ੍ਰਿਸ਼ਟੀਕੋਣ ਵੀ ਪੇਸ਼ ਕੀਤਾ ਹੈ।ਕਾਵਿ ਨਾਟਕ ਵਿਚ ਬੱਚਾ ਜਦੋਂ ਆਪਣੇ ਪਿਤਾ ਨੂੰ ਮਿਲਣ ਲਈ ਵਧੇਰੇ ਉਦਾਸ ਹੋ ਜਾਂਦਾ ਹੈ ਤਾਂ ਉਸਦੀ ਮਾਂ ਵੀ ਆਪਣੇ ਪਤੀ ਬਿਨਾਂ ਉਦਾਸ ਵਿਖਾਈ ਦਿੰਦੀ ਹੈ। ਕਾਵਿ ਨਾਟਕ ਵਿਚਲਾ ਪਿਤਾ ਪਾਤਰ ਪਿਘਲਦਾ ਹੋਇਆ ਦਰਸਾ ਕੇ ਕਵੀ ਆਪਣਾ ਦ੍ਰਿਸ਼ਟੀਕੋਣ ਹਾਂ- ਪੱਖੀ ਦਰਸਾਉਂਦਾ ਹੈ ਜਦੋਂ ਬੱਚੇ ਦਾ ਪਿਤਾ ਉਸਨੂੰ ਆਪਣੇ ਵਾਪਿਸ ਪਰਤਣ ਦੀ ਸੂਚਨਾ ਦਿੰਦਾ ਹੈ:

ਮੈਂ ਆ ਰਿਹਾ ਮੇਰੇ ਦੁਲਾਰ, ਆ ਰਿਹਾ,ਮੈਂ ਆ ਰਿਹਾ

ਮੈਂ ਆਖਰੀ ਸਮੇਂ ਦੇ ਪਰ ਕਤਰ ਦਿਆਂ ਸਦਾ ਲਈ

ਅਜੇ ਮੈਂ ਸ਼ਕਤੀਵਾਨ ਹਾਂ।7

ਡਾ.ਜੀਤ ਸਿੰਘ ਸੀਤਲ ਨੇ ਡਾ. ਹਰਿਭਜਨ ਸਿੰਘ ਦੇ ਕਾਵਿ ਨਾਟਕ ‘ਤਾਰ-ਤੁਪਕਾ’ਬਾਰੇ ਟਿੱਪਣੀ ਕਰਦੇ ਹੋਏ ਲਿਖਿਆ ਹੈ:

ਤਾਰ -ਤੁਪਕਾ(ਕਾਵਿ-ਨਾਟ)ਨਾਲ ਹਰਿਭਜਨ ਸਿੰਘ ਵਰਗਾ ਵੱਡਾ ਕਵੀ ਸਾਖਿਆਤ ਰੂਪ ਵਿਚ ਸਾਹਮਣੇ ਆਉਂਦਾ ਹੈ।ਮਨੁੱਖ ਦੀ ਅਸੁਰੱਖਿਅਤਾਸਹਿਮੀ ਹੋਂਦ ਦੀ ਜੋ ਪ੍ਰਤੀਕਾਤਮਕ ਅਭਿਵਿਅਿੰਜਨਾਂ ਇਸ ਕਾਵਿ ਨਾਟ ਵਿਚ ਹੋਈ ਮਿਲਦੀ ਹੈ ਉਹ ਪੰਜਾਬੀ ਕਵਿਤਾ ਵਿਚ ਦੁਰਲੱਭ ਹੈ।ਮਸ਼ੀਨੀ ਭੱਜ ਦੌੜ ਤੇ ਤੀਜੀ ਵਿਸ਼ਵ ਜੰਗ ਦੇ ਸਮੇਂ ਦੇ ਸਮੇਂ ਤੋਂ ਕਿਸੇ ਪਲ ਵੀ ਮੁਕਤ ਨਾ ਹੋਣ ਵਾਲੇਮਾਨਵ ਪ੍ਰਾਣੀ ਦੀ ਹੋਂਦ ਤਾਰ ਤੇ ਲਟਕੇ ਹੋਏ ਤ੍ਰੇਲ -ਤੁਪਕੇ ਤੋਂ ਵੱਖਰੀ ਨਹੀਂ।8

'ਤਾਰ-ਤੁਪਕਾ'ਕਾਵਿ ਨਾਟਕ ਵਿਚ ਡਾ. ਹਰਿਭਜਨ ਸਿੰਘ ਨੇ ਮਨੁੱਖ ਦੀ ਹੈਸੀਅਤ ਇਕ ਤਾਰ ਉਪਰ ਪਏ ਹੋਏ ਤ੍ਰੇਲ ਦੇ ਸਮਾਨ ਦੱਸੀ ਹੈ।ਉਨ੍ਹਾਂ ਦੱਸਿਆ ਹੈ ਕਿ ਮਨੁੱਖ ਸਾਰਾ ਜੀਵਨ ਭਟਕਦਾ ਰਹਿੰਦਾ ਹੈ ਤੇ ਉਸਨੂੰ ਇੱਥੇ ਕੁਝ ਵੀ ਪ੍ਰਾਪਤ ਨਹੀਂ ਹੁੰਦਾ ।ਭਾਵੇਂ ਉਹ ਜਿੰਨੀ ਮਰਜ਼ੀ ਤਰੱਕੀ ਕਰ ਲਵੇ , ਅੰਤ ਵਿਚ ਉਸਨੂੰ ਇਹ ਸਾਰਾ ਸੰਸਾਰ ਛੱਡ ਕੇ ਜਾਣਾ ਪੈਂਦਾ ਹੈ।ਇੱਥੇ ਡਾ. ਗੁਰਦਿਆਲ ਸਿੰਘ ਫੁੱਲ ਦੀ ਟਿੱਪਣੀ ਵਧੇਰੇ ਸਾਰਥਕ ਜਾਪਦੀ ਹੈ:

'ਤਾਰ-ਤੁਪਕਾ' ਵਿਚ ਮਨੁੱਖ ਨੂੰ ਇਕ ਤੁਪਕੇ ਦੇ ਰੂਪ ਵਿਚ ਅਨੰਤਤਾ ਦੀ ਤਾਰ ਤੇ ਲਟਕਦਾ ਪੇਸ਼ ਕਰਦਾ ਹੈ ਤੇ ਫਾਨੀ ਜੀਵਨ ਦੇ ਅੰਦਰਲੇ ਦਵੰਦ ਨੂੰ ਅਭਿਵਿਅਕਤ ਕਰਦਾ ਹੈ।9

ਡਾ.ਹਰਿਭਜਨ ਸਿੰਘ ਨੇ ਆਪਣੇ ਇਸ ਕਾਵਿ ਨਾਟਕ ਵਿਚ ਅਨੇਕਾਂ ਪ੍ਰਕਾਰ ਦੇ ਬਿੰਬ ਵਰਤੇ ਹਨ।ਅਜਿਹਾ ਕਰਕੇ ਉਸਨੇ ਆਪਣੀ ਕਵਿਤਾ ਨੂੰ ਨਵੀਂ ਰੰਗਤ ਪ੍ਰਦਾਨ ਕੀਤੀ ਹੈ।ਉਸ ਵਲੋਂ ਹਰ ਪੰਕਤੀ ਵਿਚ ਵਰਤੇ ਹੋਏ ਬਿੰਬ ਕਵਿਤਾ ਨੂੰ ਸਾਕਾਰਾਤਮਕ ਅਰਥ ਪ੍ਰਦਾਨ ਕਰਦੇ ਹਨ।ਗੰਧ ਬਿੰਬ,ਧੁਨੀ ਬਿੰਬ ਅਤੇ ਦ੍ਰਿਸ਼ ਬਿੰਬ ਆਮ ਕਰਕੇ ਇਸ ਕਾਵਿ ਨਾਟਕ ਵਿਚ ਦੇਖੇ ਜਾ ਸਕਦੇ ਹਨ:

<u>ਗੰਧ ਬਿੰਬ:</u>

ਇਹ ਕੌਣ ਮਹਾਂ-ਦੁਰਗੰਧ ਘੋਲਦਾ ਜਾਵੇ

ਲੂੰ-ਲੂੰ ਵਿਚ ਮੇਰੇ ,ਵਾਅਦੇ ਦੀ ਖੁਸ਼ਬੋ ਸੀ।10

<u>ਧੁਨੀ ਬਿੰਬ:</u>

ਕਰਮਾਂ ਧਰਮਾਂ ਸ਼ਰਮਾਂ ਦੀ ਸਭ ਮਰਿਯਾਦਾ

ਇਉਂ ਟੁੱਟੀ ਜੀਕਣ ਭੁਰ ਭੁਰ ਟੁੱਟਣ ਤਾਰੇ।11

<u>ਦ੍ਰਿਸ਼ ਬਿੰਬ:</u>

ਉਹ ਟਿਕ ਗਿਆ ਪਹਾੜ ਦੇ ਸਿਖਰ ਤੇ ਮੁਕਟ ਸੂਰਜੀ

ਜੀ ਉਗ ਪਿਆ ਬਿਦੇਸ਼ ਵਿਚ

ਗੁਲਾਬ ਮੇਰੇ ਦੇਸ਼ ਦਾ।

ਕਹੋ ਤਾਂ ਪਲ ਕੁ ਵੇਖ ਲਾਂ।12

ਸੰਬੋਧਨੀ ਸ਼ੈਲੀ ਦੀ ਵਰਤੋਂ ਵੀ ਕਵੀ ਵਲੋਂ ਆਪਣੇ ਇਸ ਕਾਵਿ-ਨਾਟਕ ਵਿਚ ਕੀਤੀ ਹੋਈ ਮਿਲਦੀ ਹੈ।ਇਸ ਸ਼ੇਲੀ ਰਾਹੀਂ ਕਵੀ ਦਾ ਦ੍ਰਿਸ਼ਟੀਕੋਣ ਪ੍ਰਭਾਵਸ਼ਾਲੀ ਢੰਗ ਰਾਹੀਂ ਪੇਸ਼ ਹੁੰਦਾ ਹੈ।ਜਾਦੂਗਰ ਦੇ ਮੂੰਹੋਂ ਕਵੀ ਨੇ ਅਖਵਾਇਆ ਹੈ:

ਹੇ ਕੰਚਨੀ.ਕਲੰਕਨੀਵਫਾ ਦਾ ਨਾਮ ਤੇਰੇ ਮੂੰਹ।

ਬਹੁਤ ਹੀ ਪੀ ਗਿਆ ਹਾਂ ਮੈਂ ਹਾਂ ਫਿਰ ਵੀ ਤੈਨੂੰ ਸਮਝਦਾ।13

ਮਾਨਵੀਕਰਨ ਦੀ ਵਿਧੀ ਵੀ ਕਵੀ ਨੇ ਆਪਣੇ ਇਸ ਕਾਵਿ ਨਾਟਕ ਵਿਚ ਵਰਤੀ ਹੈ।ਆਪਣੀ ਕਵਿਤਾ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਕਵੀ ਨੇ ਇਸ ਵਿਚ ਢੁੱਕਵੇਂ ਅਲੰਕਾਰਾਂ ਦੀ ਵਰਤੋਂ ਕੀਤੀ ਹੈ।ਅਲੰਕਾਰਾਂ ਦੀ ਸੁਚੱਜੀ ਵਰਤੋਂ ਸਦਕਾ ਕਵਿਤਾ ਦਾ ਪ੍ਰਭਾਵ ਵਧੇਰੇ ਵੱਧ ਜਾਂਦਾ ਹੈ।ਉਪਮਾ ਅਲੰਕਾਰ ਦੀ ਵਰਤੋਂ ਕਵੀ ਨੇ ਆਪਸੀ ਤੁਲਨਾ ਕਰਨ ਲਈ ਕੀਤੀ ਹੈ।ਜਿਵੇਂ :

ਤੇਰੇ ਬੋਲਾਂ ਵਿਚ ਲੋਢੇ ਪਹਿਰ ਦੀ ਬੋ ਏ।

ਤੇਰੀ ਹਰ ਗਲ ਏ ਜੀਕਣ ਬਹਿਆ ਤਜ਼ਰਵਾ।14

ਆਪਣੀ ਕਵਿਤਾ ਵਿਚ ਕਵੀ ਵਲੋਂ ਕਿਸੇ ਵਸਤੂ ਦੀ ਵਧਾ ਚੜ੍ਹਾ ਕੇ ਪੇਸ਼ਕਾਰੀ ਕਰਨ ਲਈ ਕਵੀ ਨੇ ਅਤਿਕਥਨੀ ਅਲੰਕਾਰ ਦੀ ਵਰਤੋਂ ਕੀਤੀ ਹੈ:

ਹਾਂ ਮੌਤ ਅਚਾਨਕ ਤੋਂ ਵੀ ਅਸੀਂ ਅਚਾਨਕ

ਹਾਂ ਤੇਜ਼ ਕਲਪਨਾ ਤੋਂ ਕਾਹਲੇ ਹਾਂ ਮਨ ਤੋਂ

ਔਖ ਪੇਰ ਵਿਚਾਲੇ ਲਖ ਸੌ ਜੋਜਨ ਤੁਰੀਏ

ਹੈ ਸਾਗਰ ਸਾਡੀ ਲਾਂਘ ਛਾਲ ਹੈ ਪਰਬਤ

ਨਾਂ ਰਹਿਣਾ ਹਰਗਿਜ਼ ਬੰਦ ਬੋਤਲਾਂ ਅੰਦਰ।15

ਡਾ. ਹਰਿਭਜਨ ਸਿੰਘ ਨੇ ਆਪਣੀ ਭਾਸਾ ਨੂੰ ਮਜ਼ਬੂਤੀ ਪ੍ਰਦਾਨ ਕਰਨ ਲਈ ਇਸ ਵਿਚ ਲੋੜ ਅਨੁਸਾਰ ਅਕਾਣਾਂ ਅਤੇ ਮੁਹਾਵਰਿਆਂ ਦੀ ਢੁੱਕਵੀਂ ਵਰਤੋਂ ਕੀਤੀ ਹੈ।ਸਮੁੱਚੇ ਕਾਵਿ ਨਾਟਕ ਵਿਚ ਕਵੀ ਨੇ ਕਿਧਰੇ ਵੀ ਆਪਣੀ ਭਾਸ਼ਾ ਦੇ ਪ੍ਰਭਾਵ ਨੂੰ ਮੱਧਮ ਨਹੀਂ ਪੈਂਣ ਦਿੱਤਾ।ਸੱਜਰੀ ਅਤੇ ਢੁਕਵੀਂ ਬੋਲੀ ਰਾਹੀਂ ਇਸ ਰਚਨਾ ਦੀ ਸਿਰਜਨਾ ਕੀਤੀ ਹੈ। ਰਚਨਾ ਪੜ੍ਹਨ ਉਪਰੰਤ ਇਹ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਕਵੀ ਕੋਲ ਅਖਾਣ ਮੁਹਾਵਰਿਆਂ ਦਾ ਅਮੁੱਕ ਭੰਡਾਰ ਹੋਵੇ।ਡਾ. ਹਰਿਭਜਨ ਸਿੰਘ ਨੇ ਆਪਣੇ ਇਸ ਕਾਵਿ ਨਾਟਕ ਵਿਚ ਪ੍ਰਮੁੱਖ ਰੂਪ ਵਿਚ ਵੇਲਾ ਬੀਤ ਜਾਣਾ ,ਉਮਰਾਂ ਲਈ ਸੁਪਨੇ ਸਹੇੜਨਾ.ਨਫਰਤ ਦੇ ਚੰਗਿਆੜ ਕੇਰਨਾ,ਨਫਰਤ ਦੇ ਪਰਛਾਵੇਂ ਦੇਖਣਾ,ਕੌੜੀ ਨਿੰਮ ਦੀ ਚੂਲੀ ਭਰਨਾ,ਅੱਖਾਂ 'ਚੋਂ ਲੱਜਾ ਜਾਣਾ,ਆਸ ਬੱਝਣਾ,ਕਾਲਖਾਂ ਧੂੜਨਾ,ਹੰਝੂ ਕੇਰਨਾ,ਨਗਰ ਹਿਲਾ ਦੇਣਾ,ਹੰਝੂੰ ਡੋਲਣਾ ਆਦਿ ਮੁਹਾਵਰਿਆਂ ਅਤੇ ਅਖਾਣਾਂ ਦੀ ਵਰਤੋਂ ਕੀਤੀ ਹੈ।

ਸਥਿਤੀ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਡਾ. ਹਰਿਭਜਨ ਸਿੰਘ ਨੇ ਦੂਜੀਆਂ ਭਾਸ਼ਾਵਾਂ ਦੇ ਪ੍ਰਸਿੱਧ ਕਵੀਆਂ ਦੀਆਂ ਤੁਕਾਂ ਦੀ ਪੇਸ਼ਕਾਰੀ ਵੀ ਇਸ ਕਾਵਿ ਨਾਟਕ ਵਿਚ ਕੀਤੀ ਹੈ।ਉਨ੍ਹਾਂ ਨੇ ਨੋਬਲ ਪੁਰਸਕਾਰ ਪ੍ਰਾਪਤ ਕਵੀ ਰਵਿੰਦਰ ਨਾਥ ਟੈਗੋਰ ਅਤੇ ਹਿੰਦੀ ਕਵੀ ਸਿਆਰਾਮ ਸ਼ਰਨ ਗੁਪਤ ਦੀਆਂ ਕਾਵਿ ਸੱਤਰਾਂ ਨੂੰ ਇਸ ਵਿਚ ਪੇਸ਼ ਕੀਤਾ ਹੈ;

ਹਰ ਪਲ ਅੰਬਰ ਤੇ ਉੱਗਦੇ ਰਹਿਣ ਸਿਤਾਰੇ

ਹਾਲੇ ਕੁਦਰਤ ਮਾਯੂਸ ਨਹੀਂ ਆਦਮ ਤੋਂ।16

'ਤਾਰ -ਤੁਪਕਾ' ਕਾਵਿ-ਨਾਟਕ ਵਿਚ ਡਾ.ਹਰਿਭਜਨ ਸਿੰਘ ਨੇ ਸਮਕਾਲੀ ਯਥਾਰਥ ਦੀ ਸਫਲ ਪੇਸ਼ਕਾਰੀ ਕੀਤੀ ਹੈ।ਵਿਗਿਆਨਕ ਯੁੱਗ ਵਿਚ ਮਨੁੱਖ ਨੇ ਜਿੱਥੇ ਬੇਸ਼ੁਮਾਰ ਤਰੱਕੀ ਕਰ ਲਈ ਹੈ ,ਉੱਥੇ ਉਸਨੂੰ ਵਿਗਿਆਨ ਦੇ ਹਾਂ ਪੱਖੀ ਅਤੇ ਨਾਂ ਪੱਖੀ ਦੋਹਾਂ ਤਰ੍ਹਾਂ ਦੇ ਸਿੱਟੇ ਪ੍ਰਾਪਤ ਹੋਏ ਹਨ। ਇਹ ਮਨੁੱਖ ਲਈ ਵਰਦਾਨ ਵੀ ਅਤੇ ਸਰਾਪ ਵੀ ਸਾਬਿਤ ਹੋਇਆ ਹੈ।

ਢਾ. ਹਰਿਭਜਨ ਸਿੰਘ ਦੀ ਕਵਿਤਾ ਵਿਚ ਮਨੁੱਖ ਵਿਸ਼ੇਸ਼ ਸਥਿਤੀ ਵਿਚ ਵਿਲੱਖਣ ਰੂਪ ਵਿਚ ਸੋਚਦਾ ਹੈ।ਉਸ ਦੀ ਕਵਿਤਾ ਵਿਚ ਆਦਰਸ਼ ਅਤੇ ਯਥਾਰਥ ਵਿਚ ਤਣਾਓ ਸਿਰਜਿਆ ਹੋਇਆ ਮਿਲਦਾ ਹੈ।ਉਸਦੀ ਕਵਿਤਾ ਵਿਚਲਾ ਮਨੁੱਖ ਕਿਸੇ ਇਕ ਦਿਸ਼ਾਂ ਵੱਲ ਨਹੀਂ ਤੁਰਦਾ ਸਗੋਂ ਉਹ ਬਹੁ-ਦਿਸ਼ਾਵੀ ਹੋਂਦ ਦਾ ਧਾਰਨੀ ਹੈ।ਪਰੰਪਰਾ ਦੁਆਰਾ ਸਥਾਪਿਤ ਪ੍ਰਤੀਮਾਨਾ ਦਾ ਉਸਨੇ ਡੱਟ ਕੇ ਵਿਰੋਧ ਕੀਤਾ ਹੈ।ਉਹ ਪਰੰਪਰਾਗਤ ਦ੍ਰਿਸਟੀਕੋਣ ਨੂੰ ਮੋਏ ਬ੍ਰਿਛ ਦੀ ਛਾਂ ਸਮਾਨ ਸਮਝਦਾ ਹੈ:

ਜੀ ਵਿਚ ਆਇਆ ਆਪਣੇ ਨਾਲ

ਕੋਈ ਸ਼ੰਘਣੀ ਜਿਹੀ ਛਾਂ ਲੈ ਚੱਲਾਂ

ਜਿਹਵਾ ਬਿਰਛ ਪੁੱਟ ਕੇ ਛੱਤਰੀ ਵਾਂਗ ਚੁੱਕਿਆ

ਚਾਰ ਕਦਮ ਚੱਲ ਕੇ ਹੀ ਸੁੱਕ ਸੜ ਜਾਂਦਾ ਹੈ

ਪੱਤਾ ਪੱਤਾ ਝੜ ਜਾਂਦਾ ਹੈ

ਮੋਏ ਬਿਰਛ ਦੀ ਛਾਂ ਬਹੁਤਾ ਚਿਰ ਜੀ ਨਹੀਂ ਸਕਦੀ।17

ਡਾ. ਹਰਿਭਜਨ ਸਿੰਘ ਦੀ ਰਚਨਾ 'ਤਾਰ-ਤੁਪਕਾ' ਨੂੰ ਆਲੋਚਕਾਂ ਨੇ ਵੱਖ -ਵੱਖ ਨਾਂ ਦਿੱਤੇ ਹਨ।ਰਵਿੰਦਰ ਰਵੀ ਅਨੁਸਾਰ:

'ਹਰਿਭਜਨ ਸਿੰਘ ਦਾ ਤਾਰ ਤੁਪਕਾ ਮੁੱਖ ਰੂਪ ਵਿਚ ਕਾਵਿ ਹੈ,ਨਾਟਕ ਨਹੀ।ਮੈਂ ਇਸਨੂੰ ਕਾਵਿ ਸੰਵਾਦ ਕਹਿਣਾ ਵਧੇਰੇ ਯੋਗ ਸਮਝਾਗਾ ਤੇ ਜਾਂ ਨਾਟਕੀ ਕਵਿਤਾ।ਨਿਸ਼ਚੇ ਹੀ ਇਹ ਕਾਵਿ ਨਾਟਕ ਨਹੀਂ ਹੈ।ਹਾਂ ਪੜ੍ਹਨ ਲਈ ਜ਼ਰੂਰ ਲਿਖਿਆ ਗਿਆ ਹੈ।ਸਹੀ ਅਰਥਾਂ ਵਿਚ ਇਸ ਨੂੰ ਕਾਵਿ ਨਾਟਕ ਕਹਿਣਾ ਯੋਗ ਨਹੀਂ ਹੋਵੇਗਾ।'18

ਅਜਾਇਬ ਕਮਲ ਅਨੁਸਾਰ ਇਸਨੂੰ ਨਾ ਕਾਵਿ ਨਾਟਕ ਆਖਿਆ ਜਾ ਸਕਦਾ ਹੈ ਨਾ ਨਾਟ ਕਾਵਿ।ਇਹ ਅਸਲ ਵਿਚ ਨਾਟਕੀ ਕਵਿਤਾ ਹੈ।19

ਵਿਦਵਾਨ ਭਾਵੇਂ ਇਸ ਨੇ ਨਾਮਕਰਨ ਬਾਰੇ ਇਕਮਤ ਨਹੀਂ ਹਨ ਪਰੰਤੂ ਡਾ.ਹਰਿਭਜਨ ਸਿੰਘ ਅਨੁਸਾਰ ਇਹ ਇਕ ਕਾਵਿ ਨਾਟਕ ਹੈ।

ਇਸ ਤਰ੍ਹਾਂ ਅਸੀਂ ਆਖ ਸਕਦੇ ਹਾਂ ਕਿ 'ਤਾਰ-ਤੁਪਕਾ' ਕਾਵਿ ਨਾਟਕ ਰਾਹੀਂ ਡਾ. ਹਰਿਭਜਨ ਸਿੰਘ ਨੇ ਅਜੋਕੇ ਵਿਗਿਆਨੀਆਂ ਦਾ ਮਾਨਵ ਪ੍ਰਤੀ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ।ਉਨਾਂ ਨੇ ਆਪਣੇ ਇਸ ਕਾਵਿ ਨਾਟਕ ਰਾਹੀਂ ਸਥਿਤੀ ਮੁਤਾਬਿਕ ਪ੍ਰਮਾਣੂ ਸ਼ਕਤੀ ਤਿਆਰ ਕਰਨ ਵਾਲੇ ਵਿਗਿਆਨੀਆਂ ਦੀ ਸੋਚ ਵਿਚ ਵੀ ਤਬਦੀਲੀ ਹੁੰਦੇ ਵਿਖਾਇਆ ਹੈ।

## <u>ਹਵਾਲੇ:</u>


1 ਡਾ. ਹਰਿਭਜਨ ਸਿੰਘ ,ਮੇਰੀ ਕਾਵਿ ਯਤਾਰਾ,ਪੰਨਾ-5
2 ਉਹੀ,ਤਾਰ ਤੁਪਕਾ,ਪੰਨਾ-18
3 ਉਹੀ,ਪੰਨਾ-80
4 ਉਹੀ,ਪੰਨਾ-95
5 ਮਹਿੰਦਰ ਕੌਰ ਗਿੱਲ(ਸੰਪਾ.),ਸੁਹਜ ਸਿਰਜੀ,ਪੰਨਾ-56
6 ਡਾ.ਹਰਿਭਜਨ ਸਿੰਘ,ਤਾਰ ਤੁਪਕਾ,ਪੰਨਾ-54
7 ਉਹੀ,ਪੰਨਾ-95
8 ਡਾ. ਜੀਤ ਸਿੰਘ ਸੀਤਲ ,ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ,ਪੰਨਾ-208
9 ਡਾ. ਗੁਰਦਿਆਲ ਸਿੰਘ ਫੁੱਲ,ਪੰਜਾਬੀ ਨਾਟਕ ਸਰੂਪ,ਸਿਧਾਂਤ ਤੇ ਵਿਕਾਸ,ਪੰਨਾ-311
10 ਡਾ. ਹਰਿਭਜਨ ਸਿੰਘ ,ਤਾਰ ਤੁਪਕਾ,ਪੰਨਾ-32
11 ਉਹੀ,ਪੰਨਾ-21
12 ਉਹੀ,ਪੰਨਾ-52
13 ਉਹੀ,ਪੰਨਾ-73
14 ਉਹੀ,ਪੰਨਾ-13
15 ਉਹੀ,ਪੰਨਾ-26
16 ਉਹੀ,ਪੰਨਾ-22
17 ਉਹੀ,ਮੇਰੀ ਕਾਵਿ ਯਾਤਰਾ,ਪੰਨਾ-148
18 ਡਾ.ਹੁਕਮ ਚੰਦ ਰਾਜਪਾਲ,ਪੰਜਾਬੀ ਨਾਟ ਕਾਵਿ ਸਰੂਪ ਅਤੇ ਵਿਕਾਸ,ਪੰਨਾ-175
19 ਉਹੀ,ਪੰਨਾ-179